# ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸਮਾਜ ਭਲਾਈ ਵਿਭਾਗ

ਹਾਂਗ ਕਾਂਗ ਦੇ ਸਾਰੇ ਨਿਵਾਸੀ, ਉਨ੍ਹਾਂ ਦੀ ਕੌਮ ਜਾਂ ਨਸਲ ਦੀ ਪਰਵਾਹ ਕੀਤੇ ਬਿਨਾਂ, ਜਦੋਂ ਤੱਕ ਉਹ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਸਮਾਜ ਭਲਾਈ ਸੇਵਾਵਾਂ ਤੱਕ ਬਰਾਬਰ ਪਹੁੰਚ ਦਾ ਆਨੰਦ ਮਾਣਦੇ ਹਨ ।

ਸਮਾਜ ਭਲਾਈ ਵਿਭਾਗ (SWD) ਦੁਆਰਾ ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਵੱਖ-ਵੱਖ ਜਾਤਾਂ ਨਾਲ ਸਬੰਧਿਤ ਲੋਕਾਂ ਲਈ ਸਮਾਜ ਭਲਾਈ ਸੇਵਾਵਾਂ ਤੱਕ ਬਰਾਬਰ ਪਹੁੰਚ ਪ੍ਰਦਾਨ ਕਰਨ ਲਈ ਚੁੱਕੇ ਗਏ / ਜਾਣ ਵਾਲੇ ਉਪਾਅ ਹੇਠਾਂ ਦਿੱਤੇ ਗਏ ਹਨ।

## A. ਉਹ ਉਪਾਅ ਜੋ ਵੱਖ-ਵੱਖ ਜਾਤਾਂ ਦੇ ਲੋਕਾਂ ਨੂੰ ਸੰਬੰਧਿਤ ਭਲਾਈ ਸੇਵਾਵਾਂ ਤੱਕ ਬਰਾਬਰ ਪਹੁੰਚ ਪ੍ਰਾਪਤ ਕਰਨ ਦੇ ਯੋਗ ਬਣਾਉਂਦੇ ਹਨ

**ਸਬੰਧਤ ਸੇਵਾਵਾਂ**

- SWD ਅਜਿਹੇ ਉਪਾਅ ਕਰਦਾ ਹੈ ਜੋ ਸਮਾਜ ਭਲਾਈ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਵੱਖ-ਵੱਖ ਜਾਤਾਂ ਦੇ ਲੋਕਾਂ ਨੂੰ ਸੰਬੰਧਿਤ ਸਮਾਜ ਭਲਾਈ ਸੇਵਾਵਾਂ ਤੱਕ ਬਰਾਬਰ ਪਹੁੰਚ ਪ੍ਰਾਪਤ ਕਰਨ ਦੇ ਯੋਗ ਬਣਾਉਂਦੇ ਹਨ, ਅਤੇ ਵੱਖ-ਵੱਖ ਜਾਤਾਂ ਦੇ ਲੋਕਾਂ ਦੇ ਨਿੱਜੀ ਡੇਟਾ ਦੀ ਸੁਰੱਖਿਆ ਕਰਦੇ ਹਨ।

**ਮੌਜੂਦਾ ਉਪਾਅ**

<u>ਵੱਖ-ਵੱਖ ਜਾਤਾਂ ਦੇ ਲੋਕਾਂ ਦੇ ਅੰਕੜਿਆਂ ਅਤੇ ਜਾਣਕਾਰੀ ਦਾ ਗਿਆਨ</u>

- ਭਲਾਈ ਸੇਵਾਵਾਂ ਦੀ ਯੋਜਨਾ ਬਣਾਉਣ ਅਤੇ ਲਾਗੂ ਕਰਨ ਵਿੱਚ, SWD ਨੇ ਜਨਗਣਨਾ ਅਤੇ ਅੰਕੜਾ ਵਿਭਾਗ, ਹੋਰ ਸਰਕਾਰੀ ਵਿਭਾਗਾਂ ਅਤੇ ਗੈਰ-ਸਰਕਾਰੀ ਸੰਸਥਾਵਾਂ (NGOs) ਸਮੇਤ ਵੱਖ-ਵੱਖ ਸਰੋਤਾਂ ਤੋਂ ਉਪਲਬਧ ਨਸਲੀ ਘੱਟ ਗਿਣਤੀਆਂ ਬਾਰੇ ਅੰਕੜਿਆਂ ਅਤੇ ਜਾਣਕਾਰੀ ਦਾ ਹਵਾਲਾ ਦਿੱਤਾ ਹੈ, ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਦੀਆਂ ਸਮਾਜਿਕ ਲੋੜਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਜਨਵਰੀ 2019 ਤੋਂ ਵੱਖ-ਵੱਖ ਇਕਾਈਆਂ ਦੀਆਂ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਦੀ ਵਰਤੋਂ ਕਰਨ ਬਾਰੇ ਅੰਕੜੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ।

<u>ਵੱਖ-ਵੱਖ ਜਾਤਾਂ ਦੀਆਂ ਭਾਸ਼ਾਵਾਂ ਵਿੱਚ ਸੇਵਾ ਪਰਚੇ</u>

- ਪ੍ਰਮੁੱਖ ਸੇਵਾ ਪਰਚੇ ਚੀਨੀ, ਅੰਗ੍ਰੇਜ਼ੀ ਅਤੇ ਅੱਠ ਹੋਰ ਭਾਸ਼ਾਵਾਂ ਵਿੱਚ ਉਪਲਬਧ ਹਨ[1]। ਉਹਨਾਂ ਨੂੰ ਸੇਵਾ ਇਕਾਈਆਂ ਵਿੱਚ ਰੱਖਿਆ ਜਾਂਦਾ ਹੈ ਅਤੇ / ਜਾਂ ਆਸਾਨ ਪਹੁੰਚ ਅਤੇ ਸੰਦਰਭ ਦੀ ਸਹੂਲਤ ਲਈ SWD ਦੇ ਹੋਮਪੇਜ 'ਤੇ ਅੱਪਲੋਡ ਕੀਤਾ ਜਾਂਦਾ ਹੈ।

[1] ਅੱਠ ਹੋਰ ਭਾਸ਼ਾਵਾਂ ਵਿੱਚ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਟੈਗਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਸ਼ਾਮਲ ਹਨ।

SWD ਦਾ ਹੋਮਪੇਜ

- SWD ਨੇ SWD ਦੇ ਹੋਮਪੇਜ 'ਤੇ "ਵੱਖ-ਵੱਖ ਜਾਤੀਆਂ ਦੇ ਲੋਕਾਂ ਲਈ ਜਾਣਕਾਰੀ" 'ਤੇ ਇੱਕ ਸ਼ਾਰਟਕੱਟ ਆਈਕਨ ਬਣਾਇਆ ਹੈ ਤਾਂ ਜੋ ਵੱਖ-ਵੱਖ ਜਾਤਾਂ ਦੇ ਲੋਕ, ਜਨਤਾ, SWD ਅਤੇ NGO ਦੇ ਕਰਮਚਾਰੀ ਵੱਖ-ਵੱਖ ਜਾਤੀ ਭਾਸ਼ਾਵਾਂ ਵਿੱਚ ਸੰਬੰਧਿਤ ਸੇਵਾ ਜਾਣਕਾਰੀ ਤੱਕ ਆਸਾਨੀ ਨਾਲ ਪਹੁੰਚ ਸਕਣ।

ਵਿਆਖਿਆ ਸੇਵਾ

- SWD ਵੱਖ-ਵੱਖ ਜਾਤਾਂ ਦੇ ਲੋਕਾਂ ਨੂੰ ਸਮਾਜ ਭਲਾਈ ਸੇਵਾਵਾਂ ਪ੍ਰਦਾਨ ਕਰਦੇ ਹੋਏ ਢੁਕਵੀਂ ਵਿਆਖਿਆ ਸੇਵਾ ਲਈ ਪ੍ਰਬੰਧ ਕਰੇਗਾ। ਕਰਮਚਾਰੀ ਵੱਖ-ਵੱਖ ਸਰੋਤਾਂ, ਜਿਵੇਂ ਕਿ ਅਦਾਲਤੀ ਵਿਆਖਿਆ ਸੇਵਾ, ਹਸਪਤਾਲ ਅਥਾਰਟੀ, ਹਾਂਗ ਕਾਂਗ ਕ੍ਰਿਸ਼ਚੀਅਨ ਸੇਵਾ ਦੇ ਅਧੀਨ ਸੈਂਟਰ ਫਾਰ ਹਾਰਮੋਨੀ ਐਂਡ ਇਨਹਾਂਸਮੈਂਟ ਆਫ਼ ਐਥਨਿਕ ਮਾਈਨੌਰਿਟੀ ਰੈਜ਼ੀਡੈਂਟਸ (CHEER) ਜੋ ਕਿ ਗ੍ਰਹਿ ਮਾਮਲਿਆਂ ਬਾਰੇ ਵਿਭਾਗ ਅਤੇ ਹੋਰ NGOs ਆਦਿ ਦੇ ਫੰਡਾਂ ਨਾਲ ਵਿਆਖਿਆ ਸੇਵਾਵਾਂ ਪ੍ਰਦਾਨ ਕਰਦਾ ਹੈ, ਦੁਆਰਾ ਪ੍ਰਦਾਨ ਕੀਤੀ ਗਈ ਵਿਆਖਿਆ ਸੇਵਾ ਦੀ ਵਰਤੋਂ ਕਰ ਸਕਦੇ ਹਨ।

ਵੈੱਬ ਕੈਮ ਸੁਵਿਧਾਵਾਂ

- SWD ਨੇ ਸੇਵਾ ਉਪਭੋਗਤਾਵਾਂ, ਸਮਾਜਕ ਵਰਕਰਾਂ (NGOs ਦੁਆਰਾ ਸੰਚਾਲਿਤ ਵਿਭਾਗੀ ਇਕਾਈਆਂ ਅਤੇ ਏਕੀਕ੍ਰਿਤ ਪਰਿਵਾਰ ਸੇਵਾ ਕੇਂਦਰਾਂ / ਏਕੀਕ੍ਰਿਤ ਸੇਵਾ ਕੇਂਦਰਾਂ ਸਮੇਤ) / ਸਮਾਜਿਕ ਸੁਰੱਖਿਆ ਸਟਾਫ ਅਤੇ ਦੁਭਾਸ਼ੀਏ ਦੇ ਵਿਚਕਾਰ ਜ਼ਰੂਰਤ ਪੈਣ ਤੇ ਤ੍ਰਿਪੱਖੀ ਵੀਡੀਓ ਕਾਨਫਰੰਸਿੰਗ ਕਰਵਾਉਣ ਲਈ ਦਸ ਸੇਵਾ ਇਕਾਈਆਂ ਵਿੱਚ ਵੈੱਬ-ਕੈਮ ਸੁਵਿਧਾਵਾਂ ਸਥਾਪਤ ਕੀਤੀਆਂ ਹਨ।

SWD ਹੌਟਲਾਈਨ 'ਤੇ ਪੁੱਛਗਿੱਛ ਲਈ ਵੱਖ-ਵੱਖ ਜਾਤੀਆਂ ਦੇ ਕਾਲਰਾਂ ਲਈ ਤੁਰੰਤ ਟੈਲੀਫੋਨ ਵਿਆਖਿਆ ਸੇਵਾ ਤੱਕ ਪਹੁੰਚ

- SWD ਹੌਟਲਾਈਨ <2343 2255> ਨੇ ਵੱਖ-ਵੱਖ ਜਾਤੀਆਂ ਦੇ ਕਾਲਰਾਂ ਨੂੰ ਉਨ੍ਹਾਂ ਦੀ ਪੁੱਛਗਿੱਛ ਦੀ ਸਹੂਲਤ ਲਈ ਵੱਖ-ਵੱਖ ਜਾਤੀਆਂ ਦੀਆਂ ਅੱਠ ਆਮ ਭਾਸ਼ਾਵਾਂ ਵਿੱਚ ਟੈਲੀਫੋਨ ਵਿਆਖਿਆ ਸੇਵਾ ਤੱਕ ਤੁਰੰਤ ਪਹੁੰਚ ਪ੍ਰਦਾਨ ਕੀਤੀ ਹੈ ਤਾਂ ਜੋ ਉਨ੍ਹਾਂ ਦੀ ਭਲਾਈ ਸੇਵਾ ਜਾਂਚ ਨੂੰ ਸੌਖਾ ਬਣਾਇਆ ਜਾ ਸਕੇ।

ਵੱਖ-ਵੱਖ ਜਾਤੀਆਂ ਦੇ ਲੋਕਾਂ ਨੂੰ ਭਲਾਈ ਸੇਵਾਵਾਂ ਪ੍ਰਦਾਨ ਕਰਨ ਲਈ ਯਾਦ ਰੱਖਣ ਯੋਗ ਗੱਲਾਂ

- SWD ਨੇ ਸਮਾਜਿਕ ਵਰਕਰਾਂ / ਵਿਭਾਗੀ ਇਕਾਈਆਂ ਦੇ ਸਮਾਜਿਕ ਸੁਰੱਖਿਆ ਸਟਾਫ਼, NGO ਦੁਆਰਾ ਚਲਾਏ ਜਾਂਦੇ ਏਕੀਕ੍ਰਿਤ ਪਰਿਵਾਰ ਸੇਵਾ ਕੇਂਦਰਾਂ / ਏਕੀਕ੍ਰਿਤ ਸੇਵਾ ਕੇਂਦਰਾਂ ਅਤੇ ਨੌਜਵਾਨਾਂ ਲਈ ਸੇਵਾਵਾਂ ਦੁਆਰਾ ਨਸਲੀ ਘੱਟ ਗਿਣਤੀਆਂ ਨੂੰ ਭਲਾਈ ਸੇਵਾਵਾਂ ਪ੍ਰਦਾਨ ਕਰਨ ਲਈ "ਪੁਆਇੰਟ-ਟੂ-ਨੋਟ" (ਯਾਦ ਰੱਖਣ ਯੋਗ ਗੱਲਾਂ) ਜਾਰੀ ਕੀਤੇ ਹਨ ਤਾਂ ਜੋ ਵੱਖ-ਵੱਖ ਜਾਤੀਆਂ ਦੇ ਗਰੁੱਪਾਂ ਦੀ ਸੇਵਾ ਕਰਨ ਵਿੱਚ ਹਵਾਲਾ ਦਿੱਤਾ ਜਾ ਸਕੇ ਇਸ ਵਿੱਚ ਵੱਖ-ਵੱਖ ਜਾਤਾਂ ਦੇ ਵੱਖ-ਵੱਖ ਸਮੂਹਾਂ ਦੇ ਸਭਿਆਚਾਰਕ ਰੀਤ-ਰਿਵਾਜ ਅਤੇ ਢੁਕਵੀਂ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਆਦਿ ਦਾ ਪ੍ਰਬੰਧ ਕਰਨ ਦੇ ਤਰੀਕੇ ਸ਼ਾਮਲ ਹਨ। SWD ਨੇ ਸੇਵਾ ਇਕਾਈਆਂ ਨੂੰ ਕਾਊਂਟਰ ਅਤੇ ਸੇਵਾ ਕਰਮਚਾਰੀਆਂ ਦਾ ਪ੍ਰਬੰਧ ਕਰਨ ਵਾਲੇ ਕਰਮਚਾਰੀਆਂ ਦੇ ਸੰਦਰਭ ਲਈ ਵੱਖ ਵੱਖ ਨਸਲਾਂ ਦੇ ਲੋਕਾਂ ਤੋਂ ਡਰਾਪ-ਇਨ / ਟੈਲੀਫੋਨ ਪੁੱਛਗਿੱਛ ਨਾਲ ਨਜਿੱਠਣ ਲਈ ਪੁਆਇੰਟ-ਟੂ-ਨੋਟ, ਪ੍ਰੋਟੋਕੋਲ ਅਤੇ ਅੰਗਰੇਜ਼ੀ ਸਕ੍ਰਿਪਟਾਂ ਦਾ ਛੋਟਾ ਰੂਪ ਵੀ ਪ੍ਰਦਾਨ ਕੀਤਾ ਹੈ।

"ਨਸਲੀ ਘੱਟ ਗਿਣਤੀਆਂ ਲਈ ਸਹਾਇਤਾ ਅਤੇ ਵਿਆਖਿਆ ਸੇਵਾਵਾਂ" ਬਾਰੇ ਨੋਟਿਸ

- ਵੱਖ-ਵੱਖ ਜਾਤੀਆਂ ਦੇ ਲੋਕਾਂ ਨੂੰ ਕਲਿਆਣਕਾਰੀ ਸਹਾਇਤਾ ਦੇ ਨਾਲ-ਨਾਲ ਟੈਲੀਫੋਨ ਵਿਆਖਿਆ ਸੇਵਾਵਾਂ ਪ੍ਰਾਪਤ ਕਰਨ ਲਈ ਆਪਣੇ ਚੈਨਲਾਂ ਬਾਰੇ ਜਾਣਕਾਰੀ ਵਧਾਉਣ ਲਈ, SWD ਸੇਵਾ ਇਕਾਈਆਂ ਨੇ ਰਿਸੈਪਸ਼ਨ ਖੇਤਰਾਂ ਵਿੱਚ "ਨਸਲੀ ਘੱਟ ਗਿਣਤੀਆਂ ਲਈ ਸਹਾਇਤਾ ਅਤੇ ਵਿਆਖਿਆ ਸੇਵਾਵਾਂ" 'ਤੇ ਇੱਕ ਨੋਟਿਸ ਪੋਸਟ ਕੀਤਾ ਹੈ, ਜਿਸਦਾ

ਵੱਖ-ਵੱਖ ਜਾਤੀਆਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ।

- ਇਸ ਤੋਂ ਇਲਾਵਾ, ਉਕਤ ਨੋਟਿਸ ਦੀ ਇੱਕ ਕਾਪੀ ਵੱਖ-ਵੱਖ ਜਾਤਾਂ ਦੇ ਲੋਕਾਂ ਨੂੰ ਉਦੋਂ ਦਿੱਤੀ ਜਾਵੇਗੀ ਜਦੋਂ ਉਹ ਪੁੱਛਗਿੱਛ / ਸੇਵਾਵਾਂ ਲਈ ਜਾਂਦੇ ਹਨ। ਜਾਣਕਾਰੀ SWD ਦੇ ਹੋਮਪੇਜ 'ਤੇ ਵੀ ਉਪਲਬਧ ਹੈ।

ਸਮਾਜ ਭਲਾਈ ਸੇਵਾਵਾਂ ਤੱਕ ਪਹੁੰਚ ਲਈ ਗੈਰ-ਵਿਤਕਰੇ ਵਾਲੀ ਪ੍ਰਵੇਸ਼ ਨੀਤੀ

- SWD ਦੀਆਂ ਸੇਵਾ ਇਕਾਈਆਂ, NGOs ਅਤੇ ਕੰਟਰੈਕਟ ਸਰਵਿਸ ਆਪਰੇਟਰਾਂ ਦੁਆਰਾ ਸੰਚਾਲਤ ਆਰਥਿਕ ਸਹਾਇਤਾ ਪ੍ਰਾਪਤ ਸੇਵਾ ਇਕਾਈਆਂ ਸਬੰਧਤ ਸੇਵਾ ਸਮਝੌਤਿਆਂ ਅਤੇ ਇਕਰਾਰਨਾਮਿਆਂ ਦੀਆਂ ਲੋੜਾਂ ਦਾ ਪਾਲਣ ਕਰਨਗੀਆਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੇਵਾ ਉਪਭੋਗਤਾਵਾਂ ਕੋਲ ਸੇਵਾ ਵਿੱਚ ਸ਼ਾਮਲ ਹੋਣ ਅਤੇ ਛੱਡਣ ਬਾਰੇ ਸਪਸ਼ਟ ਅਤੇ ਸਹੀ ਜਾਣਕਾਰੀ ਹੋਵੇ, ਅਤੇ ਇਹ ਕਿ ਦਾਖਲਾ ਨੀਤੀ ਗੈਰ-ਵਿਤਕਰੇ ਵਾਲੀ ਹੋਣੀ ਚਾਹੀਦੀ ਹੈ।

ਨਿੱਜੀ ਡਾਟਾ ਦੀ ਸੁਰੱਖਿਆ

- ਨਿੱਜੀ ਜਾਣਕਾਰੀ ਸੰਗ੍ਰਹਿ ਬਿਆਨ ਚੀਨੀ, ਅੰਗ੍ਰੇਜ਼ੀ ਅਤੇ ਅੱਠ ਹੋਰ ਭਾਸ਼ਾਵਾਂ ਵਿੱਚ ਉਪਲਬਧ ਹੈ[2], ਤਾਂ ਜੋ ਵੱਖ-ਵੱਖ ਜਾਤੀਆਂ ਦੇ ਲੋਕ ਉਸ ਉਦੇਸ਼ ਨੂੰ ਬਿਹਤਰ ਢੰਗ ਨਾਲ ਸਮਝ ਸਕਣ ਜਿਸ ਲਈ SWD ਕਰਮਚਾਰੀ ਉਸ ਸਮੇਂ ਉਹਨਾਂ ਦਾ ਨਿੱਜੀ ਡੇਟਾ ਇਕੱਤਰ ਕਰਦੇ ਹਨ ਜਦੋਂ ਉਹ ਸੇਵਾਵਾਂ/ਸਹਿਯੋਗ ਦੀ ਮੰਗ ਕਰਦੇ ਹਨ, ਨਾਲ ਹੀ ਨਿੱਜੀ ਡੇਟਾ (ਗੋਪਨੀਯਤਾ) ਆਰਡੀਨੈਂਸ ਦੇ ਤਹਿਤ ਆਪਣੇ ਨਿੱਜੀ ਡੇਟਾ ਤੱਕ ਪਹੁੰਚ ਕਰਨ ਅਤੇ ਉਸ ਨੂੰ ਠੀਕ ਕਰਾਉਣ ਦੇ ਅਧਿਕਾਰ ਬਾਰੇ ਸਮਝ ਸਕਣ।

ਵੱਖ-ਵੱਖ ਜਾਤਾਂ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ ਸੇਵਾਵਾਂ

- ਨਸਲੀ ਘੱਟ-ਗਿਣਤੀਆਂ ਲਈ ਆਊਟਰੀਚ ਟੀਮ ਸਰਗਰਮੀ ਨਾਲ ਵੱਖ-ਵੱਖ ਜਾਤਾਂ ਦੇ ਲੋਕਾਂ ਤੱਕ ਪਹੁੰਚਦੀ ਹੈ ਅਤੇ ਲੋੜਵੰਦਾਂ ਨੂੰ ਮੁੱਖ ਧਾਰਾ ਦੀਆਂ ਭਲਾਈ ਸੇਵਾਵਾਂ ਨਾਲ ਜੋੜਦੀ ਹੈ।

- ਘਰੇਲੂ ਹਿੰਸਾ ਅਤੇ ਜਿਨਸੀ ਹਿੰਸਾ ਬਾਰੇ ਵੱਖ-ਵੱਖ ਜਾਤਾਂ ਦੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਪੀੜਤਾਂ ਨੂੰ ਮਦਦ ਲੈਣ ਲਈ ਉਤਸ਼ਾਹਿਤ ਕਰਨ ਲਈ ਕਮਿਊਨਿਟੀ ਐਜੂਕੇਸ਼ਨ ਪ੍ਰੋਗਰਾਮ।

- ਵੱਖ-ਵੱਖ ਘੱਟ-ਗਿਣਤੀ ਨਸਲਾਂ ਦੇ ਅਪਾਹਜ ਪ੍ਰੀ-ਸਕੂਲ ਦੇ ਬੱਚਿਆਂ ਨੂੰ ਦਾਖਲਾ ਦੇਣ ਵਾਲੇ ਵਿਸ਼ੇਸ਼ ਬਾਲ ਦੇਖਭਾਲ ਕੇਂਦਰਾਂ ਅਤੇ ਸ਼ੁਰੂਆਤੀ ਸਿੱਖਿਆ ਅਤੇ ਸਿਖਲਾਈ ਕੇਂਦਰਾਂ ਲਈ ਸਬਸਿਡੀ ਦੀ ਵਿਵਸਥਾ ਤਾਂ ਜੋ ਉਹਨਾਂ ਲਈ ਸਿਖਲਾਈ, ਮਾਤਾ-ਪਿਤਾ / ਦੇਖਭਾਲ ਕਰਨ ਵਾਲਿਆਂ ਨਾਲ ਸੰਚਾਰ ਅਤੇ ਪਰਿਵਾਰਾਂ ਲਈ ਸਮਾਜਿਕ ਸਹਾਇਤਾ ਦੀ ਵਿਵਸਥਾ ਕੀਤੀ ਜਾ ਸਕੇ।

- ਵੱਖ-ਵੱਖ ਜਾਤੀਆਂ ਦੇ ਲੋਕਾਂ ਲਈ ਭਾਈਚਾਰਕ ਸਹਾਇਤਾ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਜਾਤੀਆਂ ਦੀ ਉੱਚ ਆਬਾਦੀ ਵਾਲੇ ਜ਼ਿਲ੍ਹਿਆਂ ਵਿੱਚ ਸਥਿਤ ਅਪਾਹਜ ਵਿਅਕਤੀਆਂ ਲਈ ਪੰਜ ਮਾਤਾ-ਪਿਤਾ/ਰਿਸ਼ਤੇਦਾਰ ਸਰੋਤ ਕੇਂਦਰਾਂ ਵਿੱਚ ਵੱਖ-ਵੱਖ ਜਾਤੀਆਂ ਦੇ ਲੋਕਾਂ ਦੀਆਂ ਵਿਸ਼ੇਸ਼ ਇਕਾਈਆਂ ਦੀ ਸਥਾਪਨਾ।

[2] ਅੱਠ ਹੋਰ ਭਾਸ਼ਾਵਾਂ ਵਿੱਚ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਸ਼ਾਮਲ ਹਨ।

**ਭਵਿੱਖ ਦੇ ਕੰਮ ਦਾ ਮੁਲਾਂਕਣ**

ਵੱਖ-ਵੱਖ ਜਾਤੀਆਂ ਦੀਆਂ ਭਾਸ਼ਾਵਾਂ ਵਿੱਚ ਸੇਵਾ ਪਰਚੇ

- SWD ਨਿਯਮਿਤ ਤੌਰ 'ਤੇ ਕਰਮਚਾਰੀਆਂ ਅਤੇ ਸੇਵਾ ਉਪਭੋਗਤਾਵਾਂ ਤੋਂ ਸਰਵਿਸ ਪਰਚਿਆਂ 'ਤੇ ਫੀਡਬੈਕ ਲੈਣਾ ਜਾਰੀ ਰੱਖੇਗਾ।

SWD ਦਾ ਹੋਮਪੇਜ

- SWD ਆਪਣੇ ਹੋਮਪੇਜ 'ਤੇ ਕਰਮਚਾਰੀਆਂ ਅਤੇ ਸੇਵਾ ਉਪਭੋਗਤਾਵਾਂ ਤੋਂ ਨਿਯਮਤ ਫੀਡਬੈਕ ਪ੍ਰਾਪਤ ਕਰਨਾ ਜਾਰੀ ਰੱਖੇਗਾ।

ਸਮਾਜ ਭਲਾਈ ਸੇਵਾਵਾਂ ਤੱਕ ਪਹੁੰਚ 'ਤੇ ਗੈਰ-ਵਿਤਕਰੇ ਵਾਲੀ ਦਾਖਲਾ ਨੀਤੀ

- SWD ਦੀਆਂ ਸੇਵਾ ਇਕਾਈਆਂ, NGOs ਅਤੇ ਕੰਟਰੈਕਟ ਸਰਵਿਸ ਆਪਰੇਟਰਾਂ ਦੁਆਰਾ ਸੰਚਾਲਤ ਆਰਥਿਕ ਸਹਾਇਤਾ ਪ੍ਰਾਪਤ ਸੇਵਾ ਇਕਾਈਆਂ ਉੱਪਰ ਦੱਸੇ ਅਨੁਸਾਰ ਨਿਰੰਤਰ ਮੁਲਾਂਕਣ ਦੇ ਜ਼ਰੀਏ ਗੈਰ-ਵਿਤਕਰੇ ਭਰੀ ਦਾਖਲਾ ਨੀਤੀ ਦੀ ਉਹਨਾਂ ਦੀ ਪਾਲਣਾ ਦੀ ਨਿਗਰਾਨੀ ਕਰਨਾ ਜਾਰੀ ਰੱਖਣਗੇ।

ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਸੂਚਕ

- SWD ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖੇਗਾ ਅਤੇ ਇਸਦਾ ਇੱਕ ਸਾਧਨ ਸਥਾਪਿਤ ਸੂਚਕ (ਸੂਚਕਾਂ) ਲਈ ਪ੍ਰਾਪਤੀ ਦਰ (ਦਰਾਂ) ਦੀ ਨਿਯਮਤ ਤੌਰ 'ਤੇ ਨਿਗਰਾਨੀ ਕਰਨਾ ਅਤੇ ਪ੍ਰਭਾਵੀ ਹੋਣ ਦੀ ਸਮੀਖਿਆ ਕਰਨਾ ਹੈ।

**ਕੀਤੇ ਜਾਣ ਵਾਲੇ ਵਾਧੂ ਉਪਾਅ**

- SWD ਇਹ ਕਰਨਾ ਜਾਰੀ ਰੱਖੇਗਾ –
  - ਮੁੱਖ ਭਲਾਈ ਸੇਵਾਵਾਂ ਨੂੰ ਕਵਰ ਕਰਨ ਵਾਲੀਆਂ ਹੋਰ ਸੇਵਾ ਪਰਚਿਆਂ ਦਾ ਅਨੁਵਾਦ ਕਰਨਾ ਅਤੇ ਉਹਨਾਂ ਨੂੰ SWD ਦੇ ਹੋਮਪੇਜ 'ਤੇ ਉਚਿਤ ਤੌਰ 'ਤੇ ਅੱਪਲੋਡ ਕਰਨਾ;
  - ਜਦੋਂ ਵੀ ਲੋੜ ਹੋਵੇ, ਵੱਖ-ਵੱਖ ਜਾਤੀਆਂ ਦੀਆਂ ਭਾਸ਼ਾਵਾਂ ਵਿੱਚ ਸੇਵਾਵਾਂ ਬਾਰੇ ਜਾਣਕਾਰੀ ਅਤੇ ਪਰਚਿਆਂ ਨੂੰ ਅੱਪਡੇਟ ਕਰਨਾ; ਅਤੇ
  - ਵੱਖ-ਵੱਖ ਜਾਤੀਆਂ ਦੀਆਂ ਭਾਸ਼ਾਵਾਂ ਵਿੱਚ ਨਵੇਂ ਸੇਵਾ ਪਰਚੇ ਤਿਆਰ ਕਰਨਾ ਅਤੇ ਲੋੜ ਪੈਣ 'ਤੇ ਉਹਨਾਂ ਨੂੰ SWD ਦੇ ਹੋਮਪੇਜ 'ਤੇ ਅੱਪਲੋਡ ਕਰਨਾ।

ਵੱਖ-ਵੱਖ ਜਾਤਾਂ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ ਸੇਵਾਵਾਂ

- SWD ਵੱਖ-ਵੱਖ ਜਾਤਾਂ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਤੌਰ 'ਤੇ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖੇਗਾ, ਉਦਾਹਰਨ ਲਈ, EM ਡਿਸਟ੍ਰਿਕਟ ਅੰਬੈਸਡਰ 'ਤੇ ਪਾਇਲਟ ਸਕੀਮ।

## B. SWD, NGO ਅਤੇ ਕੰਟਰੈਕਟ ਸਰਵਿਸ ਯੂਨਿਟਾਂ ਦੇ ਕਰਮਚਾਰੀਆਂ ਲਈ ਸਿਖਲਾਈ

**ਸਬੰਧਤ ਸੇਵਾਵਾਂ**

- ਜਿੱਥੋਂ ਤੱਕ ਨਸਲੀ ਸਮਾਨਤਾ ਦਾ ਸਬੰਧ ਹੈ SWD/NGO/ਕੰਟਰੈਕਟ ਸੇਵਾ ਇਕਾਈਆਂ ਦੇ ਕਰਮਚਾਰੀਆਂ ਦੀ ਜਾਗਰੂਕਤਾ, ਸਮਝ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ।

**ਮੌਜੂਦਾ ਉਪਾਅ**

- SWD ਇਹ ਕਰਨਾ ਜਾਰੀ ਰੱਖੇਗਾ –

  - ਨਸਲੀ ਭੇਦਭਾਵ ਆਰਡੀਨੈਂਸ (RDO) ਅਤੇ ਸੰਬੰਧਿਤ ਦਿਸ਼ਾ-ਨਿਰਦੇਸ਼ਾਂ 'ਤੇ SWD ਦੇ ਕਰਮਚਾਰੀਆਂ ਲਈ ਸਿਖਲਾਈ ਦਾ ਪ੍ਰਬੰਧ ਕਰਨਾ;

  - SWD ਕਰਮਚਾਰੀਆਂ ਦੇ ਹਵਾਲੇ ਲਈ SWD ਇੰਟਰਾਨੈੱਟ 'ਤੇ ਸੰਬੰਧਿਤ ਦਿਸ਼ਾ-ਨਿਰਦੇਸ਼ ਅਤੇ SWD ਕਰਮਚਾਰੀਆਂ ਅਤੇ ਗੈਰ ਸਰਕਾਰੀ ਸੰਗਠਨਾਂ ਦੀ ਆਸਾਨ ਪਹੁੰਚ ਲਈ ਈ-ਲਰਨਿੰਗ ਸੈਂਟਰ 'ਤੇ ਸਿਖਲਾਈ ਸਮੱਗਰੀ ਅਪਲੋਡ ਕਰਨਾ;

  - ਵੱਖ-ਵੱਖ ਜਾਤੀਆਂ ਨਾਲ ਸਬੰਧਤ ਲੋਕਾਂ ਦੇ ਸੱਭਿਆਚਾਰ, ਜੀਵਨ ਸ਼ੈਲੀ ਅਤੇ ਸੇਵਾ ਲੋੜਾਂ ਬਾਰੇ ਉਨ੍ਹਾਂ ਦੇ ਗਿਆਨ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ SWD, NGOs ਅਤੇ ਕੰਟਰੇਕਟ ਸੇਵਾ ਇਕਾਈਆਂ ਦੇ ਕਰਮਚਾਰੀਆਂ ਲਈ ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ ਕਰਨਾ; ਅਤੇ

  - SWD ਦੇ ਕਰਮਚਾਰੀਆਂ ਨੂੰ ਸਿਵਲ ਸਰਵਿਸਿਜ਼ ਟਰੇਨਿੰਗ ਐਂਡ ਡਿਵੈਲਪਮੈਂਟ ਇੰਸਟੀਚਿਊਟ, ਸਮਾਨ ਅਵਸਰ ਕਮਿਸ਼ਨ ਜਾਂ ਸੰਬੰਧਿਤ ਸੰਸਥਾਵਾਂ ਦੁਆਰਾ ਆਯੋਜਿਤ RDO ਅਤੇ ਸੰਬੰਧਿਤ ਦਿਸ਼ਾ-ਨਿਰਦੇਸ਼ਾਂ, ਨਸਲੀ ਸੰਵੇਦਨਸ਼ੀਲਤਾ ਅਤੇ ਸੱਭਿਆਚਾਰਕ ਵਿਭਿੰਨਤਾ 'ਤੇ ਸਿਖਲਾਈ ਕੋਰਸਾਂ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨਾ।

**ਭਵਿੱਖ ਦੇ ਕੰਮ ਦਾ ਮੁਲਾਂਕਣ**

- SWD ਇਹ ਕਰਨਾ ਜਾਰੀ ਰੱਖੇਗਾ –

  - ਪ੍ਰਤੀਭਾਗੀਆਂ ਦੀ ਸੰਖਿਆ ਅਤੇ ਸੰਖਿਆ ਤੋਂ ਇਲਾਵਾ ਉਹਨਾਂ ਦੇ ਗ੍ਰੇਡ / ਰੈਂਕ ਦੇ ਨਾਲ ਸਾਲਾਨਾ ਕਰਵਾਈਆਂ ਜਾਣ ਵਾਲੀਆਂ ਸੰਬੰਧਿਤ ਸਿਖਲਾਈ ਗਤੀਵਿਧੀਆਂ 'ਤੇ ਡਾਟਾ ਇਕੱਠਾ ਕਰਨਾ ਅਤੇ ਉਸ ਦਾ ਵਿਸ਼ਲੇਸ਼ਣ ਕਰਨਾ;

  - ਕਰਵਾਈਆਂ ਗਈਆਂ ਸਿਖਲਾਈ ਗਤੀਵਿਧੀਆਂ 'ਤੇ ਪ੍ਰਤੀਭਾਗੀਆਂ ਤੋਂ ਫੀਡਬੈਕ ਇਕੱਠਾ ਕਰਨਾ; ਅਤੇ

  - ਕਰਮਚਾਰੀਆਂ ਤੋਂ ਸੁਝਾਅ ਮੰਗਣਾ ਕਿ ਕਿਹੜੇ ਸਿਖਲਾਈ ਪ੍ਰੋਗਰਾਮ ਪੇਸ਼ ਕੀਤੇ ਜਾਣੇ ਚਾਹੀਦੇ ਹਨ।

## ਜਨਤਕ ਪੁੱਛਗਿੱਛ

ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ ਅਧਿਕਾਰੀਆਂ ਨਾਲ ਸੰਪਰਕ ਕਰੋ,

1) Miss Carol SHEK, Social Work Officer (ਸੋਸ਼ਲ ਵਰਕ ਅਫਸਰ) (Corporate Co-ordination) ਕਾਰਪੋਰੇਟ ਯੋਜਨਾ ਅਤੇ ਤਾਲਮੇਲ ਸੈਕਸ਼ਨ

| | | |
|---|---|---|
| ਟੈਲੀਫੋਨ ਨੰਬਰ | : | 2152 9305 |
| ਫੈਕਸ ਨੰਬਰ | : | 2116 9070 |
| ਈਮੇਲ | : | cpcsenq@swd.gov.hk |
| ਡਾਕ ਪਤਾ | : | 8/F, Wu Chung House, 213 Queen's Road East, Wan Chai, Hong Kong |

2) Ms Cathy TANG, ਪਰਿਵਾਰ ਸੇਵਾ ਸੈਕਸ਼ਨ ਦੇ Social Work Officer (ਸੋਸ਼ਲ ਵਰਕ ਅਫਸਰ) (ਪਰਿਵਾਰ) 6

| | | |
|---|---|---|
| ਟੈਲੀਫੋਨ ਨੰਬਰ | : | 2892 5179 |
| ਫੈਕਸ ਨੰਬਰ | : | 2833 5840 |
| ਈਮੇਲ | : | fcwenq@swd.gov.hk |
| ਡਾਕ ਪਤਾ | : | 8/F, Wu Chung House, 213 Queen's Road East, Wan Chai, Hong Kong |

**ਸਮਾਜ ਭਲਾਈ ਵਿਭਾਗ**
**ਮਈ 2023**